ਪੰਜਾਬ ਸਕੂਲ ਸਿੱਖਿਆ ਬੋਰਡ

ਸੋਧ ਉਪਰੰਤ ਸੈਕਿੰਡ ਕਾਪੀ ਆਫ ਸਰਟੀਫਿਕੇਟ ਕਮ ਨਤੀਜਾ ਕਾਰਡ ਪ੍ਰਾਪਤ ਕਰਨ ਲਈ ਜ਼ਰੂਰੀ ਹਦਾਇਤਾਂ

ਫਾਰਮ ਤਸਦੀਕ / ਫੀਸ / ਸੋਧ ਕਰਵਾਉਣ ਸਬੰਧੀ ਹਦਾਇਤਾਂ:-

ਬੋਰਡ ਵੱਲੋਂ 5ਵੀ, 8ਵੀਂ, 10ਵੀਂ ਅਤੇ 12 ਵੀਂ ਦੇ ਜਾਰੀ ਕੀਤੇ ਗਏ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣ ਲਈ ਵਿਧੀ ਹੇਠ ਲਿਖੇ ਅਨੁਸਾਰ ਹੈ:-
ਜਨਮ ਮਿਤੀ ਸਬੰਧੀ ਜਰੂਰੀ ਨੋਟ:- ਜਿਨ੍ਹਾਂ ਪ੍ਰਾਥੀਆਂ ਦੀ ਉਮਰ 21 ਸਾਲ ਤੱਕ ਜਾਂ 21 ਸਾਲ ਤੋਂ ਘੱਟ ਹੈ, ਭਾਵ Age of Majority attain ( LPA No1613/2014 ਅਤੇ LPA No 373/2015, 21 ਮਈ 2015) ਕਰਨ ਤੋਂ ਤਿੰਨ ਸਾਲਾਂ ਦੇ ਅੰਦਰ-ਅੰਦਰ ਹੀ ਜਨਮ ਮਿਤੀ ਦੀ ਸੋਧ ਕਰਵਾ ਸਕਦੇ ਹਨ।

**ਜਨਮ ਮਿਤੀ ਦੀ ਸੋਧ ਕਰਵਾਉਣ ਲਈ ਜਨਮ ਮਿਤੀ ਸਰਟੀਫਿਕੇਟ ਦੀ ਰਜਿਸਟਰੇਸ਼ਨ ਮੈਟ੍ਰਿਕ ਪਾਸ ਕਰਨ ਦੀ ਮਿਤੀ ਤੋਂ ਪਹਿਲਾ ਦੀ ਹੋਈ ਚਾਹੀਦੀ ਹੈ। ਜਨਮ ਸਰਟੀਫਿਕੇਟ ਦੀ ਰਜਿਸਟਰੇਸ਼ਨ ਦਸਵੀਂ ਪਾਸ ਕਰਨ ਤੋਂ ਪਹਿਲਾਂ ਦੀ ਸ਼ਰਤ (ਮਾਤਾ ਪਿਤਾ ) ਦੇ ਨਾਮ ਦੀਆਸੋਧ ਵਾਲੇ ਕੇਸਾਂ ਵਿੱਚ ਲਾਗੂ ਨਹੀਂ ਹੋਵੇਗੀ।**

| ਲੜੀ ਨੰ | ਸੋਧ ਦੀ ਕਿਸਮ | ਦਸਤਾਵੇਜ ਅਤੇ ਹਦਾਇਤਾਂ |
|---|---|---|
| **ਰਿਕਾਰਡ ਅਧਾਰਿਤ ਸੋਧਾਂ** –<br>ਸਾਲ 1970 ਤੋਂ ਲੈ ਕੇ ਹੁਣ ਤੱਕ | | |
| 1.1 | ਹੇਠਲੀ ਜਾਂ ਉਪਰਲੀ ਸ਼੍ਰੇਣੀ ਦੇ ਆਧਾਰ ਤੇ ਵੇਰਵਿਆਂ ਦੀ ਸੋਧ ਦੇ ਨਿਯਮ ਅਤੇ ਦਸਤਾਵੇਜ | 1.ਜੇਕਰ ਪ੍ਰਾਰਥੀ ਵੱਲੋਂ ਪਾਸ ਕੀਤੀ ਹੇਠਲੀ ਜਾਂ ਉਪਰਲੀ ਸ਼੍ਰੇਣੀ ਵਿੱਚ ਦਰਜ ਵੇਰਵੇ (ਕਿਸੇ ਇੱਕ version ਵਿੱਚ ਸਹੀ) ਦੇ ਆਧਾਰ ਤੇ ਸੋਧ ਦੀ ਮੰਗ ਕੀਤੀ ਜਾਦੀ ਹੈ ਤਾਂ ਉਸ ਦੇ ਆਧਾਰ ਤੇ ਪ੍ਰਾਰਥੀ ਦੇ ਸਰਟੀਫਿਕੇਟ ਵਿੱਚ ਸੋਧ ਕੀਤੀ ਜਾ ਸਕੇਗੀ।<br>2.ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਰੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣੀ ਹੈ ਉਨ੍ਹਾਂ ਦੇ ਅਸਲ ਸਰਟੀਫਿਕੇਟ ਅਤੇ ਹੇਠਲੀ/ਉਪਰਲੀ ਸ਼੍ਰੇਣੀ (ਜਿਸ ਵਿੱਚ ਵੇਰਵੇ ਠੀਕ ਹਨ) ਦੇ ਸਰਟੀਫਿਕੇਟਾਂ ਦੀ ਸਵੈ ਤਸਦੀਕਸ਼ੁਦਾ ਕਾਪੀਆਂ UPLOAD ਕੀਤੀਆਂ ਜਾਣ।<br>3. ਸਬੰਧਤ ਪ੍ਰਾਰਥੀ ਜਾਂ (In case of Minor ਭਾਵ 18 ਸਾਲ ਤੋਂ ਘੱਟ) ਉਸਦੇ ਮਾਤਾ/ਪਿਤਾ ਦੇ ਵੋਟਰ ਕਾਰਡ/ਡਰਾਈਵਿੰਗ ਲਾਇਸੈਂਸ ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ।<br>4. ਜੇਕਰ ਪ੍ਰਾਰਥੀ ਨੇ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਤੋਂ ਹੇਠਲੀ ਜਾਂ ਉਪਰਲੀ ਸ਼੍ਰੇਣੀ ਪਾਸ ਕੀਤੀ ਹੈ ਤਾਂ ਉਹਨਾਂ ਵੱਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦੇ ਅਸਲ ਸਰਟੀਫਿਕੇਟ ਦੀ ਕਾਪੀ। (ਇਹ ਸ਼ਰਤ ਜਨਮ ਮਿਤੀ ਦੇ ਕੇਸਾਂ ਵਿੱਚ ਲਾਗੂ ਨਹੀਂ ਹੋਵੇਗੀ।) |
| 1.2 | ਟਾਈਪੋਗ੍ਰਾਫਿਕ ਗਲਤੀਆਂ ਦੀ ਸੋਧ | 1. ਜੇਕਰ ਪ੍ਰਾਰਥੀ ਦੇ ਵੇਰਵੇ ਬੋਰਡ ਸ਼੍ਰੇਣੀਆਂ ਵਿੱਚ ਪੰਜਾਬੀ ਜਾਂ ਅੰਗਰੇਜ਼ੀ ਵਿੱਚੋਂ ਇੱਕ ਭਾਸ਼ਾ ਵਿੱਚ ਸਹੀ ਹਨ ਤਾਂ ਇਸ ਆਧਾਰ ਤੇ ਦੂਜੀ ਭਾਸ਼ਾ ਵਿੱਚ spelling ਆਦਿ ਦੀ ਸੋਧ ਕੀਤੀ ਜਾਵੇਗੀ। (example. Rashpal- Rachhpal, Paramjeet-Paramjit)<br><br>2. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਰੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣੀ ਹੈ। ਉਹਨਾਂ ਦੇ ਅਸਲ ਸਰਟੀਫਿਕੇਟ, ਫੋਟੋਕਾਪੀ ਅਤੇ ਉਪਰਲੀ, ਹੇਠਲੀ ਸ਼੍ਰੇਣੀ ਦੇ ਸਰਟੀਫਿਕੇਟ ਦੀ ਸਵੈ-ਤਸਦੀਕਸੁਦਾ ਕਾਪੀ upload ਕੀਤੀ ਜਾਵੇ।<br><br>3. ਸਬੰਧਤ ਪ੍ਰਾਰਥੀ ਜਾਂ (In case of Minor ਭਾਵ 18 ਸਾਲ ਤੋਂ ਘੱਟ) ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ, Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀਆਂ upload ਕੀਤੀਆਂ ਜਾਣ।<br><br>4. ਜੇਕਰ ਪ੍ਰਾਰਥੀ ਨੇ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਤੋਂ ਹੇਠਲੀ ਜਾਂ ਉਪਰਲੀ ਸ਼੍ਰੇਣੀ ਰਾਹੀਂ ਪਾਸ ਕੀਤੀ ਹੈ ਤਾਂ ਉਹਨਾਂ ਵਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦਾ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਕਾਪੀ upload ਕੀਤੀ ਜਾਵੇ। |
| 1.3 | ਪ੍ਰਾਰਥੀ ਦੀ ਜਨਮ ਮਿਤੀ ਅਤੇ ਰਜਿਸਟਰੇਸ਼ਨ ਦੀ ਸੋਧ | 1. ਪ੍ਰਾਰਥੀ ਦੀ ਜਨਮ ਮਿਤੀ ਅਤੇ ਰਜਿਸਟਰੇਸ਼ਨ ਨੰਬਰ ਦੀ ਸੋਧ ਕੇਵਲ ਹੇਠਲੀ ਸ਼੍ਰੇਣੀ ਦੇ ਅਸਲ ਸਰਟੀਫਿਕੇਟ ਦੇ ਵੇਰਵਿਆ ਦੇ ਆਧਾਰ ਤੇ ਕੀਤੀ ਜਾਵੇਗੀ।<br><br>2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਜਿਸ ਸ਼੍ਰੇਣੀ ਦੇ ਸਰਟੀਫਿਕੇਟ ਵਿੱਚ ਸੋਧ ਕਰਵਾਉਣੀ ਹੈ, ਉਸ ਦਾ ਅਸਲ ਸਰਟੀਫਿਕੇਟ upload ਕੀਤਾ ਜਾਵੇ। |

| | | |
|---|---|---|
| | | 3. ਜਨਮ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ। (ਸੈਸ਼ਨ 2002 ਤੋਂ ਹੁਣ ਤੱਕ)<br><br>4. ਬੋਰਡ ਤੋਂ ਪਾਸ ਕੀਤੀ ਹੇਠਲੀ ਸ਼੍ਰੇਣੀ ਜਿਸ ਵਿੱਚ ਜਨਮ ਮਿਤੀ ਸਹੀ ਹੋਵੇ, ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ upload ਕੀਤੀ ਜਾਵੇ।<br><br>5.ਨੌਕਰੀਸ਼ੁਦਾ ਬਿਨੈਕਾਰ ਆਪਣੇ ਸਬੰਧਤ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ (NOC) ਲੈਂਦੇ ਹੋਏ ਅਤੇ First class Magistrate ਤੋਂ ਹਲਫੀਆ ਬਿਆਨ ਦੀ ਕਾਪੀ upload ਕਰਨਗੇ। |
| 1.4 | ਕੇਵਲ ਵਾਧੂ ਵਿਸ਼ੇ ਦੇ ਸਰਟੀਫਿਕੇਟ ਦੇ ਵੇਰਵਿਆਂ ਵਿੱਚ ਸੋਧ ਸਬੰਧੀ ਦਸਤਾਵੇਜ਼ | ਕੇਵਲ ਵਾਧੂ ਵਿਸ਼ੇ ਦੇ ਸਰਟੀਫਿਕੇਟ ਵਿੱਚ ਪ੍ਰਾਰਥੀ ਦੇ ਨਾਮ,ਮਾਤਾ ਜਾਂ ਪਿਤਾ ਦੇ ਨਾਂ ਦੀ ਸੋਧ ਲਈ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਵਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦੇ ਅਸਲ ਸਰਟੀਫਿਕੇਟ ਦੀ ਕਾਪੀ upload ਕੀਤੀ ਜਾਵੇ। |
| 1.5 | ਸਾਲ 1970 ਤੋਂ 2001 ਤੱਕ ਅੰਕਾਂ ਨਾਲ ਸਰਟੀਫਿਕੇਟ | ਸਕੂਲ ਦੇ ਨਤੀਜ਼ਾ ਰਜਿਸਟਰ ਦੀ ਪ੍ਰਿੰਸੀਪਲ ਤੋਂ ਤਸਦੀਕਸ਼ੁਦਾ ਕਾਪੀ upload ਕਰਨੀ ਜਰੂਰੀ ਹੈ। |
| **2. ਜਨਮ ਸਰਟੀਫਿਕੇਟ ਤੇ ਅਧਾਰਿਤ ਸੋਧਾਂ**<br>ਸਾਲ 1970 ਤੋਂ ਹੁਣ ਤੱਕ | | |
| 2.1 | ਸਾਰੀਆਂ ਸ਼੍ਰੇਣੀਆਂ ਵਿੱਚ ਪ੍ਰਾਰਥੀ ਦੀ ਜਨਮ ਮਿਤੀ ਦਸਤਾਵੇਜ਼ ਸਰਟੀਫਿਕੇਟ ਦੇ ਆਧਾਰ ਤੇ ਜਨਮ ਮਿਤੀ ਅਤੇ ਮਾਤਾ-ਪਿਤਾ ਦੇ ਨਾਮ ਵਿੱਚ ਤਬਦੀਲੀ ਸਬੰਧੀ। | 1. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਜਾਰੀ ਸਾਰੀਆਂ ਸ਼੍ਰੇਣੀਆਂ ਦੇ ਅਸਲ ਸਰਟੀਫਿਕੇਟ ਅਤੇ ਜਨਮ ਮਿਤੀ ਰਜਿਸਟਰੇਸ਼ਨ ਦਾ ਅਸਲ ਸਰਟੀਫਿਕੇਟ ਨੱਥੀ ਕੀਤੇ ਜਾਣ (ਸੋਧ ਉਪਰੰਤ ਅਸਲ ਸਰਟੀਫਿਕੇਟ ਅਤੇ ਜਨਮ ਸਰਟੀਫਿਕੇਟ ਵਾਪਿਸ ਨਹੀਂ ਕੀਤੇ ਜਾਣਗੇ)।<br><br>2. ਨੌਕਰੀਸ਼ੁਦਾ ਬਿਨੈਕਾਰ ਆਪਣੇ ਸਬੰਧਤ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ (NOC) ਲੈਂਦੇ ਹੋਏ upload ਕਰਨਗੇ।<br><br>3. ਵੇਰਵਿਆਂ ਦੀ ਸੋਧ ਸਬੰਧੀ ਬਿਨੈਕਾਰ (ਜੇਕਰ ਉਮਰ 18 ਸਾਲ ਤੋਂ ਵੱਧ ਹੈ)/ ਜੇਕਰ ਬਿਨੈਕਾਰ ਦੀ ਉਮਰ ਘੱਟ ਹੈ ਤਾਂ ਮਾਤਾ-ਪਿਤਾ ਵੱਲੋਂ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ upload ਕੀਤਾ ਜਾਵੇ. (ਹਲਫੀਆ ਬਿਆਨ ਦਾ ਨਮੂਨਾ ਨਾਲ ਨੱਥੀ)<br><br>4. ਜੇਕਰ ਮਾਤਾ-ਪਿਤਾ ਦੇ ਨਾਂ ਵਿੱਚ ਪੂਰੀ ਤਰ੍ਹਾਂ ਤਬਦੀਲੀ ਹੋ ਰਹੀ ਹੈ ਤਾਂ ਤਬਦੀਲੀ ਦਾ ਕਾਰਨ ਦੱਸਦੇ ਹੋਏ ਦੋਵੇਂ ਨਾਮਾਂ ਬਾਰੇ ਸਪੱਸ਼ਟ ਕਰਦੇ ਹੋਏ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਵੀ upload ਕੀਤਾ ਜਾਵੇ।<br><br>5. ਸਬੰਧਤ ਪ੍ਰਾਰਥੀ ਜਾਂ ਜਾਂ (In case of Minor ਭਾਵ 18 ਸਾਲ ਤੋਂ ਘੱਟ) ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ/ Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ upload ਕੀਤੀ ਜਾਵੇ।<br><br>6. ਜਨਮ ਮਿਤੀ ਦੀ ਸੋਧ ਅਪਲਾਈ ਕਰਨ ਸਮੇਂ<br>i) ਪ੍ਰਾਰਥੀ ਦੀ ਉਮਰ 21 ਸਾਲ ਤੋਂ ਘੱਟ ਅਤੇ ਜਨਮ ਸਰਟੀਫਿਕੇਟ ਦੀ ਰਜਿਸ਼ਟਰੇਸ਼ਨ ਮਿਤੀ ਦਸਵੀਂ ਸ਼੍ਰੇਣੀ ਨੂੰ ਪਾਸ ਕਰਨ ਦੇ ਸਾਲ ਤੋਂ ਪਹਿਲਾਂ ਦੀ ਹੋਣੀ ਚਾਹੀਦੀ ਹੈ।<br>ii) ਸੋਧ ਸਬੰਧੀ ਫਾਰਮ ਭਰਨ ਸਮੇਂ ਜਨਮ ਮਿਤੀ ਦੇ ਕਾਲਮ ਵਿੱਚ ਜਨਮ ਸਰਟੀਫਿਕੇਟ ਅਨੁਸਾਰ ਹੀ ਜਨਮ ਮਿਤੀ ਭਰੀ ਜਾਵੇ।<br>iii). ਜਨਮ ਮਿਤੀ ਸਰਟੀਫਿਕੇਟ ਦੇ ਅਧਾਰਿਤ ਸੋਧਾਂ ਲਈ ਡਿਜੀਟਾਈਜ਼ਡ ਜਨਮ ਸਰਟੀਫਿਕੇਟ ਹੋਣਾ ਲਾਜ਼ਮੀ ਹੈ। ਪ੍ਰਾਰਥੀ ਦਾ ਜਨਮ ਪੰਜਾਬ ਰਾਜ ਤੋਂ ਬਾਹਰ ਹੋਣ ਦੀ ਸੂਰਤ ਵਿੱਚ ਵੀ ਡਿਜੀਟਾਈਜ਼ਡ ਜਨਮ ਸਰਟੀਫਿਕੇਟ ਦੀ ਸਕੈਨਡ ਕਾਪੀ ਅਪਲੋਡ ਕਰਨਾ ਲਾਜ਼ਮੀ ਹੈ। |
| **3. ਅਡਾਪਸ਼ਨ ਡੀਡ ਅਧਾਰਿਤ ਸੋਧਾਂ** | | |
| | ਅਡਾਪਸ਼ਨ ਡੀਡ ਆਧਾਰਿਤ ਸੋਧਾਂ | 1.ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਿਹਨਾਂ ਸ਼੍ਰੇਣੀਆਂ ਵਿੱਚ ਸੋਧ ਕਰਵਾਈ ਜਾਣੀ ਹੈ ਉਸਦੇ ਅਸਲ ਸਰਟੀਫਿਕੇਟ upload ਕੀਤੇ ਜਾਣ। ਪ੍ਰਾਰਥੀ ਦੇ ਮਾਤਾ-ਪਿਤਾ ਦਾ ਨਾਮ ਅਡਾਪਸ਼ਨ ਡੀਡ(ਹਿੰਦੂ ਅਡਾਪਸ਼ਨ ਐਂਡ ਮੈਨਟੀਨੈਂਸ ਐਕਟ 1956 ) ਦੇ ਆਧਾਰ ਤੇ ਸੋਧ ਕਰਨ ਉਪਰੰਤ ਜਾਰੀ ਕੀਤੇ ਜਾ ਸਕਣਗੇ। ਇਹ ਸਰਟੀਫਿਕੇਟ ਜਾਰੀ ਕਰਨ ਸਮੇਂ ' ਕੁਦਰਤੀ ਮਾਪਿਆਂ ਦੀ |

| | | |
|---|---|---|
| | | ਬਜਾਏ 'ਗੋਦ ਲੈਣ ਵਾਲੇ ਮਾਪਿਆਂ' ਦਾ ਨਾਮ Training Manual for Civil Registration Functionaries in India ਵਿੱਚ ਦਰਜ ਉਪਬੰਧਾਂ/ਹਦਾਇਤਾਂ ਅਨੁਸਾਰ ਦਰਜ਼ ਕੀਤਾ ਜਾਵੇਗਾ। ਸਬੰਧਤ ਜਿਲ੍ਹਾ ਮੈਨੇਜ਼ਰ / ਸੁਪਰਡੰਟ ਸਿੰਗਲ ਵਿੰਡੋ ਨੂੰ ਅਸਲ ਅਡਾਪਸ਼ਨ ਡੀਡ seen ਕਰਵਾਈ ਜਾਵੇ ਅਤੇ ਇਸ ਦੀ ਸਵੈ ਤਸਦੀਕਸ਼ੁਦਾ ਕਾਪੀਆਂ upload ਕੀਤੀਆ ਜਾਣ।<br>2. ਨੌਕਰੀਸੁਦਾ ਬਿਨੈਕਾਰ ਆਪਣੇ ਸਬੰਧਤ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ (NOC) ਲੈਂਦੇ ਹੋਏ upload ਕਰਨਗੇ।<br>3. ਜਨਮ ਮਿਤੀ ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ, ਜਿਸ ਵਿੱਚ adopt ਕਰਨ ਵਾਲੇ ਮਾਤਾ-ਪਿਤਾ ਦਾ ਨਾਮ ਦਰਜ ਹੋਵੇ (ਸੋਧ ਉਪਰੰਤ ਅਸਲ ਸਰਟੀਫਿਕੇਟ ਵਾਪਿਸ ਨਹੀਂ ਕੀਤਾ ਜਾਵੇਗਾ)।<br><br>4. ਗੋਦ ਲੈਣ ਅਤੇ ਦੇਣ ਵਾਲੇ ਦੋਵੇਂ ਮਾਤਾ ਜਾਂ ਪਿਤਾ ਵੱਲੋਂ First class Magistrate ਤਸਦੀਕਸ਼ੁਦਾ ਹਲਫੀਆ ਬਿਆਨ ਨੱਥੀ ਕੀਤਾ ਜਾਵੇ। ਜੇਕਰ ਕਿਸੇ ਦੀ ਮੌਤ ਹੋ ਗਈ ਹੈ ਤਾਂ death certificate upload ਕੀਤਾ ਜਾਵੇ।<br><br>5. ਸਬੰਧਤ ਪ੍ਰਾਰਥੀ ਜਾਂ (In case of Minor ਭਾਵ 18 ਸਾਲ ਤੋਂ ਘੱਟ) ਉਸ ਦੇ ਮਾਤਾ/ਪਿਤਾ ਦੇ ਵੋਟਰ ਕਾਰਡ/ Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ।<br>6. ਮੁੜ ਕੁਦਰਤੀ ਮਾਪਿਆਂ ਦਾ ਨਾਮ ਸਰਟੀਫਿਕੇਟਾਂ ਤੇ ਦਰਜ ਕਰਵਾਉਣ ਲਈ ਪਹਿਲਾਂ adoption deed ਮਾਨਯੋਗ ਕੋਰਟ ਵੱਲੋਂ cancel ਕਰਵਾਉਂਦੇ ਹੋਏ upload ਕੀਤੀ ਜਾਵੇ। ਸਬੰਧਤ ਜਿਲ੍ਹਾ ਮੈਨੇਜ਼ਰ/ਸੁਪਰਡੰਟ ਸਿੰਗਲ ਵਿੰਡੋ ਨੂੰ ਅਸਲ ਅਡਾਪਸ਼ਨ ਡੀਡ seen ਕਰਵਾਈ ਜਾਵੇ ਅਤੇ ਇਸ ਦੀ ਸਵੈ ਤਸਦੀਕਸ਼ੁਦਾ ਕਾਪੀਆਂ upload ਕੀਤੀਆ ਜਾਣ। |
| **4. Change of Name Due to Gender Change** | | |
| | | 1. Transgender persons (Protection of Rights), Act 2019 ਅਧੀਨ gender ਦੇ column ਵਿੱਚ ਸੋਧ ਅਨੁਸਾਰ female/ male ਦਰਜ਼ ਕਰਦੇ ਹੋਏ ਸਰਟੀਫਿਕੇਟ ਜਾਰੀ ਕੀਤਾ ਜਾ ਸਕੇਗਾ ਅਤੇ ਨਾਮ ਵਿੱਚ ਉਰਫ ਨਹੀਂ ਲਿਖਿਆ ਜਾਵੇਗਾ।<br>2. ਮੈਡੀਕਲ ਸਰਟੀਫਿਕੇਟ, ਜਨਮ ਸਰਟੀਫਿਕੇਟ, ਭਾਰਤ ਸਰਕਾਰ ਦੇ ਗਜ਼ਟ ਵਿੱਚ ਨਾਮ ਦਰਜ ਹੋਵੇ, ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਜਾਰੀ ਫੋਟੋ ਸਮੇਤ ਅਸਲ ਸਰਟੀਫਿਕੇਟ ਅਤੇ ਸ਼ਨਾਖਤੀ ਕਾਰਡ (Identity Card) ਅਤੇ ਵੋਟਰ ਕਾਰਡ ਜਿਸ ਵਿੱਚ ਨਾਮ ਸੋਧਿਆ ਹੋਵੇ ਦੀ ਸਵੈ ਤਸਦੀਕਸ਼ੁਦਾ ਕਾਪੀ upload ਕੀਤੀ ਜਾਵੇ।<br><br>3. ਸਬੰਧਤ ਪ੍ਰਾਰਥੀ ਜਾਂ ਜਾਂ (In case of Minor ਭਾਵ 18 ਸਾਲ ਤੋਂ ਘੱਟ) ਉਸ ਦੇ ਮਾਤਾ/ਪਿਤਾ ਦੇ ਵੋਟਰ ਕਾਰਡ, Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ upload ਕੀਤੀ ਜਾਵੇ।<br>4. First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਵੀ upload ਕੀਤਾ ਜਾਵੇ। |
| **5. Candidate Name Correction** | | |
| | ਸਾਰੀਆਂ ਸ਼੍ਰੇਣੀਆਂ ਵਿੱਚ ਪ੍ਰਾਰਥੀ ਦੇ ਨਾਮ ਵਿੱਚ ਤਬਦੀਲੀ ਨਿਯਮ | 1. ਉਪ ਨਾਮ/ ਗੋਤ/ ਸਰਨੇਮ ਬਦਲਣ, ਲਗਾਉਣ ਜਾਂ ਹਟਾਉਣ ਸਬੰਧੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣੀ ਹੈ, ਉਸ ਸ਼੍ਰੇਣੀ ਦੇ ਅਸਲ ਸਰਟੀਫਿਕੇਟ upload ਕੀਤੇ ਜਾਣ। ਅਸਲ ਸਰਟੀਫਿਕੇਟ ਖੇਤਰੀ ਦਫਤਰ/ਮੁੱਖ ਦਫਤਰ (ਸਿੰਗਲ ਵਿੰਡੋ) ਵਿਖੇ ਜਮ੍ਹਾਂ ਕਰਵਾਏ ਜਾਣ।<br><br>2. ਬਿਨੈਕਾਰ ਵੱਲੋਂ ਆਪਣਾ ਨਾਂ ਬਦਲਣ ਸਬੰਧੀ ਦੋ ਵੱਖ -ਵੱਖ ਅਖਬਾਰਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਇਸ਼ਤਿਹਾਰ ਵੀ ਦਿੱਤਾ ਜਾਵੇ ਅਤੇ ਇਥੇ ਇਹ ਵੀ ਧਿਆਨ ਦਿੱਤਾ ਜਾਵੇ ਕਿ ਪੁਰਾਣੇ ਨਾਮ ਨੂੰ ਨਵੇਂ ਨਾਮ ਨਾਲ ਅਖਬਾਰਾਂ ਵਿੱਚ ਦਰਜ ਕਰਵਾਇਆ ਜਾਵੇ। ਪੰਜਾਬੀ ਅਖਬਾਰ ਵਿੱਚ ਪੰਜਾਬੀ ਭਾਸ਼ਾ ਵਿੱਚ ਨਾਮ ਬਦਲ ਕੇ ਰੱਖਣ ਸਬੰਧੀ ਦਰਜ਼ ਕਰਵਾਇਆ ਜਾਵੇ ਅਤੇ ਅੰਗਰੇਜ਼ੀ ਅਖਬਾਰ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਦਰਜ ਕੀਤਾ ਜਾਵੇ। ਵੱਖ-ਵੱਖ ਦੋ ਅਖਬਾਰਾਂ ਦੀਆਂ ਅਸਲ ਕਾਪੀਆਂ ਅਤੇ ਪਹਿਲਾਂ ਜਾਰੀ ਅਸਲ ਸਰਟੀਫਿਕੇਟ upload ਕੀਤੇ ਜਾਣ ਅਤੇ ਅਸਲ ਅਖਬਾਰਾਂ ਅਤੇ ਸਰਟੀਫਿਕੇਟ ਖੇਤਰੀ ਦਫਤਰ/ਮੁੱਖ ਦਫਤਰ (ਸਿੰਗਲ ਵਿੰਡੋ) ਵਿਖੇ ਜਮ੍ਹਾਂ ਕਰਵਾਏ ਜਾਣ। |

| | | |
|---|---|---|
| | | 3. ਨਾਂ ਬਦਲੀ ਬਾਰੇ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ upload ਕਰਨ। (ਹਲਫੀਆ ਬਿਆਨ ਦਾ ਨਮੂਨਾ ਨਾਲ ਨੱਥੀ)<br>4. ਨੌਕਰੀਸੁਦਾ ਬਿਨੈਕਾਰ ਆਪਣੇ ਸਬੰਧਤ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ (NOC) ਲੈਂਦੇ ਹੋਏ upload ਕਰਨਗੇ। |

Note:-

1. ਬਿਨੈਕਾਰ ਸੋਧ ਦਾ ਫਾਰਮ ਭਰਦੇ ਸਮੇਂ ਆਪਣਾ ਮੋਬਾਈਲ ਨੰਬਰ ਸਹੀ ਦਰਜ ਕਰਨਾ ਯਕੀਨੀ ਬਣਾਏ ਤਾਂ ਜੋ ਕੇਸ ਸਬੰਧੀ ਜਾਣਕਾਰੀ ਦਿੱਤੀ ਜਾ ਸਕੇ। ਬਿਨੈਕਾਰ ਨੂੰ ਕੇਸ ਦੀਆਂ ਤਰੁੱਟੀਆਂ ਸਬੰਧੀ ਆਨਲਾਈਨ ਪੋਰਟਲ ਤੇ ਜਾਣਕਾਰੀ ਦਿੱਤੀ ਜਾਵੇਗੀ, ਕੋਈ ਪੱਤਰ ਵਿਹਾਰ ਵੱਖਰੇ ਤੌਰ ਤੇ ਨਹੀਂ ਕੀਤਾ ਜਾਵੇਗਾ । ਪ੍ਰਾਰਥੀ ਤੇ ਮੋਬਾਇਲ ਤੇ objection ਸਬੰਧੀ message ਆਵੇਗਾ।

2. ਸੋਧਾ ਦੇ ਫਾਰਮ (ਸਮੇਤ ਅਸਲ ਲੋੜੀਂਦੇ ਦਸਤਾਵੇਜ਼) ਮੁੱਖ ਦਫ਼ਤਰ (ਸਿੰਗਲ ਵਿੰਡੋ) ਜਾਂ ਨਜ਼ਦੀਕੀ ਜਿਲ੍ਹੇ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾਣ।

3. ਸਵੈ ਘੋਸ਼ਣਾ ਦਾ ਫਾਰਮੈਟ ਭਰਦੇ ਹੋਏ upload ਕੀਤਾ ਜਾਵੇ।

4. ਜੇਕਰ ਪ੍ਰਾਰਥੀ ਕੋਲ ਅਸਲ ਸਰਟੀਫਿਕੇਟ ਨਹੀਂ ਹੈ ਤਾਂ ਉਹ ਪਹਿਲਾਂ First/Second copy of certificate ਅਪਲਾਈ ਕਰਨਗੇ ਅਤੇ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਸੋਧ ਲਈ ਅਪਲਾਈ ਕਰਨਗੇ।

**ਫੀਸ ਦਾ ਵੇਰਵਾ** :

1300/- ਰੁਪਏ ਪ੍ਰਤੀ ਗਲਤੀ ਸੋਧ ਫੀਸ + 250/- ਰੁਪਏ ਪ੍ਰਤੀ ਸਾਲ ਦੇਰੀ ਦੀ ਫੀਸ + 900/- ਰੁਪਏ ਪ੍ਰਤੀ ਸੈਕਿੰਡ ਕਾਪੀ ਆਫ ਸਰਟੀਫਿਕੇਟ ਫੀਸ ਲਈ ਜਾਵੇਗੀ।

250/- ਰੁਪਏ ਪ੍ਰਤੀ ਸਾਲ ਦੇਰੀ ਦੀ ਫੀਸ ਰਿਕਾਰਡ ਅਧਾਰਿਤ ਸੋਧਾਂ ਤੇ ਲਾਗੂ ਨਹੀਂ ਹੋਵੇਗੀ, ਇਹ ਫੀਸ ਕੇਵਲ ਜਨਮ ਸਰਟੀਫਿਕੇਟ ਅਧਾਰਿਤ ਸੋਧਾਂ ਵਾਲੇ ਕੇਸ ਵਿੱਚ ਹੀ ਲਾਗੂ ਹੁੰਦੀ ਹੈ

ਸਹੀ/-

ਸੁਪਰਡੰਟ (ਸਰਟੀਫਿਕੇਟ ਸ਼ਾਖਾ)